Punjab Government Gazette

EXTRAORDINARY

Published by Authority

CHANDIGARH, WEDNESDAY, DECEMBER 24, 2025 (PAUSA 3, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 22 ਦਸੰਬਰ, 2025

ਨੰਬਰ:04/88/ਹਲਕਾਬੰਦੀ(ਸ-1)/ਮਚਸ਼/2025/262.- ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ III ਆਫ 1911) ਦੀ ਧਾਰਾ 240 ਦੇ ਉਪਬੰਧਾਂ ਅਨੁਸਾਰ ਅਤੇ ਡਿਲੀਮੀਟੇਸ਼ਨ ਆਫ ਵਾਰਡਜ਼ ਆਫ ਮਿਉਂਸਪੈਲਟੀਜ ਰੂਲਜ, 1972 ਦੇ ਨਿਯਮ 8 ਅਧੀਨ ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਜਾਰੀ ਕੀਤੇ ਹੁਕਮਾਂ ਦਾ ਅਧਿਲੰਘਣ ਕਰਦੇ ਹੋਏ ਹੇਠਾਂ ਲਿਖਿਆ ਨਿਯਮਾਂ ਦਾ ਖਰੜ੍ਹਾ ਜਿਨ੍ਹਾਂ ਨੂੰ ਬਨਾਉਣ ਲਈ ਪੰਜਾਬ ਦੇ ਰਾਜਪਾਲ ਤਜਵੀਜ ਕਰਦੇ ਹਨ ਅਤੇ ਇਸ ਸਬੰਧ ਵਿੱਚ ਆਪਣੀਆਂ ਸਮੂਹ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਕੌਂਸਲ ਨਵਾਂਸ਼ਹਿਰ, ਜਿਲ੍ਹਾ ਐਸ.ਬੀ.ਐਸ.ਨਗਰ ਦੇ ਵਾਰਡਾਂ ਦੀ ਹਲਕਾਬੰਦੀ ਉਨ੍ਹਾਂ ਵਿਅਕਤੀਆਂ ਦੀ ਸੂਚਨਾ ਲਈ ਪ੍ਰਕਾਸ਼ਤ ਕਰਦੇ ਹਨ, ਜਿਨ੍ਹਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ। ਉਹ ਇਸ ਅਧਿਸੂਚਨਾ ਦੇ ਪ੍ਰਕਾਸ਼ਤ ਹੋਣ ਤੋਂ 7 ਦਿਨਾਂ ਦੇ ਪਿੱਛੋਂ ਨਿਮਨ ਅਨੁਸਾਰ ਖਰੜੇ ਤੇ ਪ੍ਰਾਪਤ ਉਨ੍ਹਾਂ ਇਤਰਾਜਾਂ/ਸੁਝਾਵਾਂ ਤੇ ਵਿਚਾਰ ਕੀਤਾ ਜਾਵੇਗਾ ਜਿਹੜੇ ਨਿਯਮਾਂ ਦੇ ਖਰੜੇ ਸਬੰਧੀ ਕਿਸੇ ਵੀ ਅਸਰ ਸੰਭਾਵੀ ਵਿਅਕਤੀ ਵਲੋਂ ਉਕਤ ਅਨੁਸਾਰ ਮਿੱਥੇ ਸਮੇ ਅੰਦਰ ਸਬੰਧਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਰਾਹੀਂ ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਨੂੰ ਪ੍ਰਾਪਤ ਹੋਣਗੇ।

ਨਿਯਮਾਂ ਦਾ ਖਰੜਾ

ਨਗਰ ਕੌਂਸਲ ਨਵਾਂਸ਼ਹਿਰ, ਜਿਲ੍ਹਾ ਐਸ.ਬੀ.ਐਸ.ਨਗਰ ਦੇ ਨਗਰ ਪਾਲਾਂ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ ਨਵਾਂਸ਼ਹਿਰ, ਨੂੰ 19 ਵਾਰਡਾਂ ਵਿੱਚ ਵੰਡਿਆ ਜਾਵੇਗਾ ਜਿਨ੍ਹਾਂ ਵਿੱਚ 14 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸ਼ਬਦਾਂ ਵਿੱਚ:-

1. ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ
2. ਇਸਤਰੀ ਮੈਂਬਰਾਂ ਲਈ ਰਾਖਵਾਂ
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ ਅਤੇ
4. ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰ ਲਈ ਰਾਖਵਾਂ

ਲਿਖਿਆ ਹੋਵੇਗਾ ਕਿ ਉਹ ਵਾਰਡ ਉਨਾਂ ਕੈਟਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇਂ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿੱਚ ਕੀਤਾ ਜਾਂਦਾ ਹੈ।

ਨਗਰ ਕੌਂਸਲ ਨਵਾਂ ਸ਼ਹਿਰ ਦੇ ਵਾਰਡਾ ਦੀ ਵਰਨਣ ਦੱਸਦੀ ਅਨੁਸੂਚੀ

ਵਾਰਡ ਨੰਬਰ 1 (ਅਨੁਸੂਚਿਤ ਜਾਤੀਆ ਦੇ ਇਸਤਰੀ ਮੈਂਬਰ ਲਈ ਰਾਖਵਾਂ)

ਨਵਾਂਸ਼ਹਿਰ ਤੋ ਜੈਜੋ ਰੇਲਵੇ ਲਾਈਨ ਅਤੇ ਨਗਰ ਕੌਂਸਲ ਦੀ ਉਤਰੀ ਹੱਦ ਦੇ ਮਿਲਨ ਦੇ ਸਥਾਨ ਤੋ ਅਰੰਭ ਕਰਕੇ ਨਗਰ ਕੌਂਸਲ ਦੀ ਉਤਰੀ ਹੱਦ ਨਾਲ ਚਲਦੇ ਹੋਏ ਗੜਸ਼ੰਕਰ ਰੋਡ ਤੀਕ , ਫਿਰ ਉਕਤ ਰੋਡ ਨਾਲ ਚਲਦੇ ਹੋਏ ਗੱਲੀ ਸੰਯੋਗ ਪੈਲੇਸ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਕੌਸ਼ਲ ਤੀਕ, ਫਿਰ ਉਕਤ ਗੱਲੀ ਨਾਲ ਚਲਦੇ ਹੋਏ ਕਲਰਾ ਮੁਹੱਲਾ ਗਲੀ ਡਾਇਰੀ ਵਾਲੀ ਤੀਕ, ਫਿਰ ਉੱਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਗੜਸ਼ੰਕਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਮਿਨੀ ਬਾਈਪਾਸ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗੁਰੂ ਤੇਗ ਬਹਾਦਰ ਰੋਡ ਨੂੰ ਪਾਰ ਕਰਦੇ ਹੋਏ ਗਲੀ ਫਰੂਟ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਪਾਬਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮਾਸਟਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਫੋਟੋ ਸਟੇਟ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੀ ਹੋਏ ਗਲੀ ਸੋਨਾਲੀਕਾ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸੋਢੀ ਪੈਂਟਰ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਨਵਾਂਸ਼ਹਿਰ ਤੋ ਫਗਵਾੜਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਰੇਲਵੇ ਲਾਈਨ ਨਵਾਂਸ਼ਹਿਰ ਤੋ ਜੈਜੋ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ 2 (ਪੱਛੜੀਆ ਸ਼੍ਰੇਣੀਆ ਦੇ ਮੈਂਬਰਾ ਲਈ ਰਾਖਵਾ)

ਨਵਾਂਸ਼ਹਿਰ ਤੋ ਗੜਸ਼ੰਕਰ ਰੋਡ ਅਤੇ ਨਗਰ ਕੌਂਸਲ ਦੀ ਉਤਰੀ ਹੱਦ ਦੇ ਮਿਲਨ ਦੇ ਸਥਾਨ ਤੋ ਅਰੰਭ ਕਰਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚਲਦੇ ਹੋਏ ਕੁਲਾਮ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਦੁਰਗਾਪੁਰ ਰੋਡ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਪ੍ਰਾਇਮਰੀ ਸਕੂਲ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਸੈਣੀ ਨਿਵਾਸ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨਿਊ ਮਾਡਲ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਖੂਹ ਦੇ ਨਾਲ ਵਾਲੀ ਗਲੀ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਵਕੀਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਉਸ਼ਾ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਅਸ਼ੋਕ ਵਾਲੀ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਨਵਾਂਸ਼ਹਿਰ ਗੜਸ਼ੰਕਰ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ 3 (ਇਸਤਰੀ ਮੈਬਰਾ ਲਈ ਰਾਖਵਾ)

ਮਿਨੀ ਬਾਈਪਾਸ ਰੋਡ ਅਤੇ ਨਵਾਂਸ਼ਹਿਰ ਗੜਸ਼ੰਕਰ ਰੋਡ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਕੇ ਨਵਾਂਸ਼ਹਿਰ ਗੜਸ਼ੰਕਰ ਰੋਡ ਨਾਲ ਚਲਦੇ ਹੋਏ ਗਲੀ ਅਸ਼ੋਕ ਕੁਮਾਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਉਸ਼ਾ ਵਾਲੀ ਤੀਕ, ਉਕਤ ਗਲੀ ਨਾਲ ਚਲਦੇ ਹੋਏ ਗਲੀ ਵਕੀਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਖੂਹ ਦੇ ਨਾਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨਿਉ ਮਾਡਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸੈਣੀ ਨਿਵਾਸ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਦੁਰਗਾਪੁਰ ਰੋਡ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਕੁਲਾਮ ਰੋਡ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨੰਬਰ 6 ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨੰਬਰ 1 ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਬਰਨਾਲਾ ਰੋਡ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਕੁਲਾਮ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਡਾਕਟਰ ਮੁਕੇਸ਼ ਵਾਲੀ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡਾਕਟਰ ਆਲੂਵਾਲੀਆ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਕੁਲਾਮ ਰੋਡ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ (ਡਾਕਟਰ ਅੰਬੇਦਕਰ ਚੌਂਕ) ਬੰਗਾਂ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਮਿੰਨੀ ਬਾਈਪਾਸ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ 4

ਮਿੱਲ ਕਲੋਨੀ ਰੋਡ ਅਤੇ ਗਲੀ ਕੋਕਾ ਕੋਲਾ ਏਜੰਸੀ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਕੇ ਗਲੀ ਕੋਕਾ ਕੋਲਾ ਏਜੰਸੀ ਨਾਲ ਚਲਦੇ ਹੋਏ ਗਲੀ ਮੋਹਣ ਤੀਕ, ਉਕਤ ਗਲੀ ਨਾਲ ਚਲਦੇ ਹੋਏ ਹੀਰ ਜੱਟਾ ਮੁਹਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਸਾਹਮਣੇ ਬੰਗਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਡਾਕਟਰ ਅੰਬੇਦਕਰ ਚੌਂਕ ਨੂੰ ਪਾਰ ਕਰਦੇ ਹੋਏ ਕੁਲਾਮ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਪੁਰਾਣੀ ਕਚਿਹਰੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਕੋਠੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਰਾਜਾ ਮੁਹੱਲਾ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਆਰੀਆ ਸਮਾਜ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਮਿਲ ਕਲੋਨੀ ਰੋਡ ਨੂੰ ਪਾਰ ਕਰਦੇ ਹੋਏ ਗਲੀ ਛਾਬੜਾ ਸਟੋਰ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ

ਪੁਰਾਣੀ ਟੀਚਰ ਕਲੋਨੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਮਿਲ ਕਲੋਨੀ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ 5 (ਇਸਤਰੀ ਮੈਬਰਾ ਲਈ ਰਾਖਵਾ)

ਕੁਲਾਮ ਰੋਡ ਅਤੇ ਨਗਰ ਕੌਂਸਲ ਦੀ ਪੂਰਬੀ ਹੱਦ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਨਾਲ ਚਲਦੇ ਹੋਏ ਬਰਨਾਲਾ ਰੋਡ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਚੰਡੀਗੜ੍ਹ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਕੁਲਾਮ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ 6

ਚੰਡੀਗੜ੍ਹ ਰੋਡ ਅਤੇ ਬਰਨਾਲਾ ਰੋਡ ਦੇ ਸਥਾਨ ਤੋ ਅਰੰਭ ਕਰਦੇ ਹੋਏ ਬਰਨਾਲਾ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਚੱਲਦੇ ਹੋਏ ਗੋਰਖਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਪ੍ਰਿੰਸ ਇੰਨਕਲੇਵ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਦੀਦਾਰ ਸਿੰਘ ਵਾਲੀ ਤੀਕ, ਫਿਰ ਉੱਕਤ ਗਲੀ ਨਾਲ ਚਲਦੇ ਹੋਏ ਗਲੀ ਰੋਟਰੀ ਭਵਨ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗੋਰਖਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਡਾਕਟਰ ਮਾਹੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮਨੀਸ਼ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗੁਰੂ ਅੰਗਦ ਨਗਰ ਗਲੀ ਨੰਬਰ 2 ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਚੰਡੀਗੜ੍ਹ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ 7 (ਇਸਤਰੀ ਮੈਬਰਾ ਲਈ ਰਾਖਵਾ)

ਰਾਹੋਂ ਰੋਡ ਅਤੇ ਗਲੀ ਬਾਬਾ ਦੀਪ ਸਿੰਘ ਗੁਰੂਦੁਆਰਾ ਵਾਲੀ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਗਲੀ ਗੁਰੂਦੁਆਰਾ ਸਾਹਿਬ ਨਾਲ ਚਲਦੇ ਹੋਏ ਗਲੀ ਮਲਕੀਤ ਸਿੰਘ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਲੋਹ ਰੋਡ ਨੂੰ ਪਾਰ ਕਰਦੇ ਹੋਏ ਗੋਰਖਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਰੋਟਰੀ ਭਵਨ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਦੀਦਾਰ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਪ੍ਰਿੰਸ ਇੰਨਕਲੈਵ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਮੱਛੀ ਤਲਾਬ ਰੋਡ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਰਕੇਸ਼ ਕੁਮਾਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗੋਰਖਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਦਖਣੀ ਹੱਦ ਤੀਕ,ਫਿਰ ਉਕਤ ਹੱਦ ਨਾਲ ਚਲਦੇ ਹੋਏ ਰਾਹੋਂ ਰੋਡ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਜਸਕਰਨ ਹਸਪਤਾਲ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਨਿਵਟ ਪਬਲਿਕ ਸਕੂਲ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡੂਲਕੂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡੀਪੂ ਵਾਲੀ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਰਾਹੋਂ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ: 8 (ਅਨੁਸੂਚਿਤ ਜਾਤੀਆ ਲਈ ਰਾਖਵਾ)

ਕੋਠੀ ਰੋਡ ਅਤੇ ਪੁਰਾਣੀ ਕਚਿਹਰੀ ਰੋਡ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਕਚਿਹਰੀ ਰੋਡ ਨਾਲ ਚਲਦੇ ਹੋਏ ਰਾਹੋਂ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਚੰਡੀਗੜ੍ਹ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗੁਰੂ ਅੰਗਦ ਨਗਰ ਗਲੀ ਨੰਬਰ 2 ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਤਰਸੇਮ ਸਿੰਘ ਵਾਲੀ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮਨੀਸ਼ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡਾਕਟਰ ਮਾਹੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗੋਰਖਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਸਲੋਹ ਰੋਡ ਨੂੰ ਪਾਰ ਕਰਦੇ ਹੋਏ ਗਲੀ ਬਾਬਾ ਦੀਪ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਰਾਹੋਂ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਦਫਤਰ ਨਗਰ ਕੌਂਸਲ ਕੋਠੀ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ: 9 (ਇਸਤਰੀ ਮੈਂਬਰਾ ਲਈ ਰਾਖਵਾਕਰਨ)

ਬੈਗਮਪੁਰ ਰੋਡ ਅਤੇ ਬਹਾਰਾ ਨਵਾਂਸ਼ਹਿਰ ਰੋਡ ਦੇ ਮਿਲਣ ਦੇ ਸਥਾਨ ਤੋ ਸ਼ੁਰੂ ਕਰਕੇ ਬਹਾਰਾ ਨਵਾਂਸ਼ਹਿਰ ਰੋਡ ਨਾਲ ਚਲਦੇ ਹੋਏ ਰੇਲਵੇ ਲਾਈਨ ਤੀਕ, ਫਿਰ ਰੇਲਵੇ ਲਾਈਨ ਨਾਲ ਚਲਦੇ ਹੋਏ ਬਹਾਰਾ ਨਵਾਂਸ਼ਹਿਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਪੰਡੋਰਾ ਮੁਹੱਲਾ ਰੋਡ ਤੀਕ, ਉਕਤ ਰੋਡ ਨਾਲ ਚਲਦੇ ਹੋਏ ਗਲੀ ਏਕਨੂਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ

ਗਲੀ ਕਮਦ ਜਨੈਜਾ ਅਧਿਆਪਕ ਵਾਲੀ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡਾਕਟਰ ਵਰਮਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਆਟਾ ਚੱਕੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਪੰਡੋਰਾ ਮੁੱਹਲਾ ਗਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਰੇਲਵੇ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਰਾਹੋਂ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਡੀਪੂ ਵਾਲੀ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਡੂਲਕੁ ਵਾਲੀ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਨਿਵਟ ਪਬਲਿਕ ਸਕੂਲ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਜਸਕਰਨ ਹਸਪਤਾਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਰਾਹੋਂ ਰੋਡ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਦਖਣੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚਲਦੇ ਹੋਏ ਬੇਗਮਪੁਰ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ: 10

ਬਹਾਰਾ ਨਵਾਂਸ਼ਹਿਰ ਰੋਡ ਅਤੇ ਰੇਲਵੇ ਰੋਡ ਦੇ ਮਿਲਣ ਦੇ ਸਥਾਨ ਤੋ ਸ਼ੁਰੂ ਕਰਕੇ ਰੇਲਵੇ ਰੋਡ ਨਾਲ ਚਲਦੇ ਹੋਏ ਗੀਤਾ ਭਵਨ ਰੋਡ ਤੀਕ, ਉਕਤ ਰੋਡ ਨਾਲ ਚਲਦੇ ਹੋਏ ਕਮੇਟੀ ਬਜਾਰ ਰੋਡ ਤੀਕ, ਉਕਤ ਰੋਡ ਨਾਲ ਚਲਦੇ ਹੋਏ (ਸਲੋਹ ਚੌਂਕ) ਰੇਲਵੇ ਰੋਡ ਤੀਕ, ਉਕਤ ਰੋਡ ਨਾਲ ਚਲਦੇ ਹੋਏ ਪੰਡੋਰਾ ਮੁਹਲਾ ਸਟਰੀਟ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਆਟਾ ਚੱਕੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡਾਕਟਰ ਵਰਮਾ ਤੀਕ, ਉਕਤ ਗਲੀ ਨਾਲ ਚਲਦੇ ਹੋਏ ਗਲੀ ਕਮਦ ਜਨੇਜਾ ਅਧਿਆਪਕ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਏਕਨੂਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਪੰਡੋਰਾ ਮੁਹੱਲਾ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਬਹਾਰਾ ਨਵਾਂਸ਼ਹਿਰ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ: 11 (ਅਨੁਸੂਚਿਤ ਜਾਤੀਆ ਦੇ ਇਸਤਰੀ ਮੈਂਬਰ ਲਈ ਰਾਖਵਾਂ)

ਗਲੀ ਭਾਰਤਵਾਜ ਅਤੇ ਗਲੀ ਬਾਲਮੀਕ ਮੁਹੱਲਾ ਵਾਲੀ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਕੇ ਗਲੀ ਬਾਲਮੀਕ ਮੁਹੱਲਾ ਨਾਲ ਚਲਦੇ ਹੋਏ ਗਲੀ ਗੁਰੂ ਰਵਿਦਾਸ ਮੁਹੱਲਾ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸਰਕਾਰੀ ਡਿਸਪੈਂਸਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗੁਰੂ ਕੀ ਬੇਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗਾਂਧੀ ਚੌਂਕ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਦੇਬੇ ਦੀ ਚੱਕੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਖਾਰਾ ਖੂਹ (ਲਾਲ ਚੌਂਕ) ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗੀਤਾ ਭਵਨ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਰੇਲਵੇ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਗੁਰੂ ਰਵਿਦਾਸ ਮੁਹਲਾ ਵਾਲੀ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਭਾਰਤਵਾਜ ਵਾਲੀ ਤੀਕ ਅਰਥਾਤ ਜਿਸ ਸਥਾਨ ਤੋ ਅਰੰਭ ਕੀਤਾ ਸੀ।

ਵਾਰਡ ਨੰ: 12

ਮਿਲ ਕਲੋਨੀ ਰੋਡ ਅਤੇ ਆਰੀਆ ਸਮਾਜ ਮੰਦਰ ਵਾਲੀ ਰੋਡ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਕੇ ਆਰੀਆ ਸਮਾਜ ਰੋਡ ਨਾਲ ਚਲਦੇ ਹੋਏ ਗਲੀ ਰਾਜਾ ਮੁਹੱਲਾ ਵਾਲੀ ਤੀਕ, ਉਕਤ ਗਲੀ ਨਾਲ ਚਲਦੇ ਹੋਏ ਕੋਠੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਕਮੇਟੀ ਬਜਾਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗੀਤਾ ਭਵਨ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਲਾਲ ਚੌਂਕ ਤੀਕ, ਫਿਰ ਉਕਤ ਚੌਂਕ ਨਾਲ ਚਲਦੇ ਹੋਏ ਦੇਬੇ ਦੀ ਚੱਕੀ ਵਾਲੀ ਗਲੀ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਾਂਧੀ ਚੌਂਕ ਤੀਕ, ਫਿਰ ਉਕਤ ਚੌਂਕ ਨਾਲ ਚਲਦੇ ਹੋਏ ਸ਼ਿਵ ਕਲੋਨੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਮਿਲ ਕਲੋਨੀ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰ: 13 (ਇਸਤਰੀ ਮੈਂਬਰ ਲਈ ਰਾਖਵਾ)

ਰੇਲਵੇ ਲਾਈਨ ਅਤੇ ਮਿਲ ਕਲੋਨੀ ਰੋਡ ਦੇ ਸਥਾਨ ਤੋ ਅਰੰਭ ਕਰਕੇ ਮਿਲ ਕਲੋਨੀ ਨਾਲ ਚਲਦੇ ਹੋਏ ਗਲੀ ਪੁਰਾਣੀ ਟੀਚਰ ਕਲੋਨੀ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਛਾਬੜਾ ਕਲੋਨੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗੁਰੂ ਦੀ ਬੇਰੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡਾਕਟਰ ਅਰੋੜਾ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਬਕਰ ਖਾਨਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਰੇਲਵੇ ਲਾਈਨ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰ: 14

ਜੈਜੋ ਰੇਲਵੇ ਲਾਈਨ ਅਤੇ ਬਕਰਖਾਨਾ ਰੋਡ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਬਕਰਖਾਨਾ ਰੋਡ ਨਾਲ ਚਲਦੇ ਹੋਏ

ਗਲੀ ਡਾਕਟਰ ਅਰੋੜਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਡਿਸਪੈਂਸਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗੁਰੂ ਰਵਿਦਾਸ ਨਗਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਭਾਰਤਵਾਜ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਇੰਦਰਾਪੁਰੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਹਿੰਦੋਸਤਾਨ ਮਾਰਬਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਜੈਜੋ ਰੇਲਵੇ ਲਾਈਨ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰ: 15 (ਅਨੁਸੂਚਿਤ ਜਾਤੀਆ ਦੇ ਇਸਤਰੀ ਮੈਂਬਰ ਲਈ ਰਾਖਵਾਂ)

ਗਲੀ ਫਾਟਕ ਵਾਲੀ ਅਤੇ ਜਲੰਧਰ ਰੇਲਵੇ ਲਾਈਨ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਰੇਲਵੇ ਲਾਈਨ ਨਾਲ ਚਲਦੇ ਹੋਏ ਬਹਾਰਾ ਨਵਾਂਸ਼ਹਿਰ ਰੋਡ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਨਵੀਂ ਦਾਣਾ ਮੰਡੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਗੁਰੂਦੁਆਰਾ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਮਣੇ ਨਈ ਅਬਾਦੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਤਿਰਵੈਣੀ ਚੌਂਕ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਫਾਟਕ ਵਾਲੀ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ: 16 (ਅਨੁਸੂਚਿਤ ਜਾਤੀਆ ਲਈ ਰਾਖਵਾ)

ਬਹਾਰਾ ਨਵਾਂਸ਼ਹਿਰ ਰੋਡ ਅਤੇ ਅਨਾਜ ਮੰਡੀ ਰੋਡ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਅਨਾਜ ਮੰਡੀ ਨਾਲ ਚਲਦੇ ਹੋਏ ਗਲੀ ਗੁਰੂਦੁਆਰਾ ਤੀਕ, ਉਕਤ ਰੋਡ ਨਾਲ ਚਲਦੇ ਹੋਏ ਇਬਰਾਹੀਮ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਭੂਸ਼ਣ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਬਹਾਰਾ ਨਵਾਂਸ਼ਹਿਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਕੁਸ਼ਟ ਆਸ਼ਰਮ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਰੇਲਵੇ ਲਾਈਨ ਤੀਕ, ਫਿਰ ਉਕਤ ਲਾਈਨ ਚਲਦੇ ਹੋਏ ਨਗਰ ਕੌਂਸਲ ਦੀ ਦਖਣੀ ਹੱਦ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚਲਦੇ ਹੋਏ ਬਹਾਰਾ ਨਵਾਂਸ਼ਹਿਰ ਰੋਡ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰ: 17 (ਅਨੁਸੂਚਿਤ ਜਾਤੀਆ ਲਈ ਰਾਖਵਾ)

ਨਗਰ ਕੌਂਸਲ ਦੀ ਪਛਮੀ ਹੱਦ ਅਤੇ ਰੇਲਵੇ ਲਾਈਨ ਨਵਾਂਸ਼ਹਿਰ ਤੋ ਜਲੰਧਰ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਜਲੰਧਰ ਰੇਲਵੇ ਲਾਈਨ ਨਾਲ ਚਲਦੇ ਹੋਏ ਫਾਟਕ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਤਿਰਵੈਣੀ ਚੌਂਕ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਨਵੀ ਅਬਾਦੀ ਰੋਡ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਗੁਰੂਦੁਆਰਾ ਵਾਲੀ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਨਵੀ ਦਾਣਾ ਮੰਡੀ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਬਹਾਰਾ ਨਵਾਂਸ਼ਹਿਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ: 18 (ਅਨੁਸੂਚਿਤ ਜਾਤੀਆ ਲਈ ਰਾਖਵਾ)

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਉਤਰੀ ਹੱਦ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਦੇ ਹੋਏ ਉਤਰੀ ਹੱਦ ਨਾਲ ਚਲਦੇ ਹੋਏ ਬੇਈ ਤੀਕ, ਫਿਰ ਉਕਤ ਬੇਈ ਨਾਲ ਚਲਦੇ ਹੋਏ ਰਾਜਪੁਰਕਲਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਰੇਲਵੇ ਲਾਈਨ ਜੈਜੋ ਨਵਾਂਸ਼ਹਿਰ ਤੀਕ, ਫਿਰ ਉਕਤ ਲਾਈਨ ਨਾਲ ਚਲਦੇ ਹੋਏ ਨਵਾਂਸ਼ਹਿਰ ਤੋ ਜਲੰਧਰ ਰੇਲਵੇ ਲਾਈਨ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਵਾਰਡ ਨੰਬਰ: 19 (ਇਸਤਰੀ ਮੈਬਰਾ ਲਈ ਰਾਖਵਾ)

ਨਗਰ ਕੌਂਸਲ ਦੀ ਉਤਰੀ ਹੱਦ ਅਤੇ ਨਵਾਂਸ਼ਹਿਰ ਤੋ ਨਵਾਂਸ਼ਹਿਰ ਜੈਜੋ ਰੇਲਵੇ ਲਾਈਨ ਦੇ ਮਿਲਣ ਦੇ ਸਥਾਨ ਤੋ ਅਰੰਭ ਕਰਕੇ ਨਵਾਂਸ਼ਹਿਰ ਜੈਜੋ ਲਾਈਨ ਨਾਲ ਚਲਦੇ ਹੋਏ ਨਵਾਂਸ਼ਹਿਰ ਤੋ ਫਗਵਾੜਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਪੈਠੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਹਾਈਵੇ ਟਾਈਲ ਤੀਕ,ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸੋਨਾਲੀਕਾ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਪਾਬਲਾ ਹਾਊਸ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗੁਰੂ ਤੇਗ ਬਹਾਦਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਬੰਗਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਕੈਨਰਾ ਬੈਂਕ ਵਾਲੀ, ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮੋਹਣ ਨਗਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ

ਗਲੀ ਕੋਕਾ ਕੋਲਾ ਏਜੰਸੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਮਿਲ ਕਲੋਨੀ ਰੋਡ ਤੀਕ,ਫਿਰ ਉਕਤ ਰੋਡ ਨਾਲ ਚਲਦੇ ਹੋਏ ਰੇਲਵੇ ਲਾਈਨ ਤੀਕ, ਫਿਰ ਉਕਤ ਰੇਲਵੇ ਲਾਈਨ ਨਾਲ ਚਲਦੇ ਹੋਏ ਨਵਾਂਸ਼ਹਿਰ ਫਗਵਾੜਾ ਰੋਡ ਨੂੰ ਪਾਰ ਕਰਦੇ ਹੋਏ ਗੁਜਰਪੁਰ ਕਲ੍ਹਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਬੇਈ ਤੀਕ, ਫਿਰ ਉਕਤ ਬੇਈ ਨਾਲ ਚਲਦੇ ਹੋਏ ਨਗਰ ਕੌਂਸਲ ਦੀ ਉਤਰੀ ਹੱਦ ਤੀਕ ਅਰਥਾਤ ਜਿਥੋ ਅਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ,ਆਈ.ਏ.ਐਸ,

ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਮਿਤੀ 22 ਦਸੰਬਰ, 2025

3591/12-2025/Pb. Govt. Press, S.A.S. Nagar